# ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ), ਬਠਿੰਡਾ।

ਵੱਲ

ਸਮੂਹ ਸਕੂਲ ਮੁੱਖੀ,
ਸਰਕਾਰੀ/ਏਡਿਡ/ਪ੍ਰਾਈਵੇਟ
ਜ਼ਿਲ੍ਹਾ ਬਠਿੰਡਾ।

ਪੱਤਰ ਨੰ: ਜੀ-5/1()/2025/195 ਮਿਤੀ : 13-10-2025

ਵਿਸ਼ਾ- ਪ੍ਰੀ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ ਐਂਡ ਅਦਰਜ਼(ਕੰਪੋਨੈਂਟ-1) ਅਤੇ (ਕੰਪੋਨੈਂਟ-2) ਸਕੀਮ ਅਧੀਨ ਸੈਸ਼ਨ 2025-26 ਦੌਰਾਨ ਨੈਸ਼ਨਲ ਸਕਾਲਰਸ਼ਿਪ ਪੋਰਟਲ ਤੇ ਅਪਲਾਈ ਕਰਵਾਉਣ ਸਬੰਧੀ।

ਹਵਾਲਾ: ਵਿਭਾਗ ਦਾ ਮੀਮੋ ਨੰ: ਈ-559957/2025293062 ਮਿਤੀ 03-10-2025 ਅਤੇ ਇਸ ਦਫਤਰ ਦੇ ਪਿੱਠ ਅੰਕਣ ਨੰ: ਜੀ-5/1()2025/193 ਮਿਤੀ 03-10-2025 ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਤੇ ਹਵਾਲੇ ਅਧੀਨ ਦੇ ਪੱਤਰ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਪ੍ਰੀ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ ਐਂਡ ਅਦਰਜ਼ (ਕੰਪੋਨੈਂਟ-1) ਅਤੇ (ਕੰਪੋਨੈਂਟ-2) ਸਕੀਮ ਅਧੀਨ ਸ਼ੈਸ਼ਨ 2025-26 ਦੌਰਾਨ ਨੈਸ਼ਨਲ ਸਕਾਲਰਸ਼ਿਪ ਪੋਰਟਲ ਤੇ ਫਰੈਸ਼ ਅਤੇ ਰਿਨਿਊ ਵਿਦਿਆਰਥੀਆਂ ਨੂੰ ਅਪਲਾਈ ਹੇਠਾਂ ਦਿੱਤੇ ਅਨੁਸਾਰ ਕਰਵਾਇਆ ਗਿਆ ਹੈ-

1. ਬਠਿੰਡਾ ਜ਼ਿਲ੍ਹੇ ਦੇ ਕੁੱਲ 4852 ਰੀਨਿਊ ਵਿਦਿਆਰਥੀਆਂ ਨੂੰ ਐਨ.ਐਸ.ਪੀ ਤੇ ਅਪਲਾਈ ਕਰਵਾਉਣਾ ਹੈ।ਸਕੂਲਾਂ ਵੱਲੋਂ 3914 ਰਿਨਿਊ ਵਿਦਿਆਰਥੀਆਂ ਨੂੰ ਅਪਲਾਈ ਕਰਵਾ ਦਿੱਤਾ ਹੈ ਪ੍ਰੰਤੂ ਹਲੇ ਵੀ 938 ਵਿਦਿਆਰਥੀ ਹਲੇ ਵੀ ਰੀਨਿਊ ਕਰਨ ਵਾਲੇ ਪੈਡਿੰਗ ਹਨ।ਸਕੂਲ ਲੈਵਲ ਤੇ 1314 ਵਿਦਿਆਰਥੀ ਵੈਰੀਫਿਕੇਸ਼ਨ ਲਈ ਪੈਡਿੰਗ ਹਨ। ਸੋ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸਕੂਲ ਲੈਵਲ ਤੇ ਕੋਈ ਵੀ ਅਪਲੀਕੇਸ਼ਨ ਨਾ ਰੱਖੀ ਜਾਵੇ ਅਤੇ ਜਲਦ ਹੀ ਜ਼ਿਲ੍ਹਾ ਲੈਵਲ ਤੇ ਅਪਲੀਕੇਸ਼ਨਾਂ ਨੂੰ ਫਾਰਵਰਡ ਕੀਤਾ ਜਾਵੇ।**ਵਿਦਿਆਰਥੀਆਂ ਦੇ ਅਪਲਾਈ ਕਰਨ ਦੀ ਆਖਰੀ ਮਿਤੀ 14-10-2025 ਹੈ** ਸੋ ਪੈਡਿੰਗ ਰੀਨਿਊ ਵਿਦਿਆਰਥੀਆਂ ਨੂੰ ਜਲਦ ਹੀ ਅਪਲਾਈ ਕਰਵਾਇਆ ਜਾਵੇ।

2. ਮਿਤੀ 03-10-2025 ਤੱਕ ਕੁੱਲ 4987 ਫਰੈਸ਼ ਵਿਦਿਆਰਥੀ ਹੀ ਅਪਲਾਈ ਹੋਏ ਹਨ ਅਤੇ ਜਿਸ ਵਿੱਚੋਂ 3018 ਸਕੂਲਾਂ ਵੱਲੋਂ ਫਾਰਵਰਡ ਕੀਤੇ ਜਾ ਚੁੱਕੇ ਹਨ ਪ੍ਰੰਤੂ 1749 ਵਿਦਿਆਰਥੀ ਹਲੇ ਵੀ ਸਕੂਲ ਲੈਵਲ ਤੇ ਵੈਰੀਫਿਕੇਸ਼ਨ ਲਈ ਪੈਡਿੰਗ ਹਨ।ਜੋ ਇਹਨਾਂ ਵਿਦਿਆਰਥੀਆਂ ਦੀਆਂ ਐਪਲੀਕੇਸ਼ਨਾਂ ਨੂੰ 14 ਅਕਤੂਬਰ 2025 ਤੱਕ ਵੈਰੀਫਾਈ ਕੀਤੇ ਜਾਣ ਅਤੇ ਇਸ ਸਕੀਮ ਅਧੀਨ ਬਹੁਤ ਘੱਟ ਵਿਦਿਆਰਥੀ ਅਪਲਾਈ ਕੀਤੇ ਗਏ ਹਨ।ਇਸ ਲਈ ਵੱਧ ਤੋਂ ਵੱਧ ਵਿਦਿਆਰਥੀ ਅਪਲਾਈ ਕੀਤੇ ਜਾਣ ਜੀ ਤਾਂ ਜੋ ਵਿਦਿਆਰਥੀਆਂ ਨੂੰ ਵਜ਼ੀਫੇ ਦਾ ਲਾਭ ਮਿਲ ਸਕੇ।

ਜੇਕਰ ਕੋਈ ਵਿਦਿਆਰਥੀ ਰੀਨਿਊ ਕਰਨ ਤੋਂ ਜਾਂ ਫਰੈਸ਼ ਅਪਲਾਈ ਕਰਨ ਤੋਂ ਵਾਂਝਾ ਰਹਿ ਜਾਂਦਾ ਹੈ ਤਾਂ ਇਸ ਦੀ ਨਿਰੋਲ ਜਿੰਮੇਵਾਰੀ ਸਬੰਧਤ ਸਕੂਲ ਮੁੱਖੀ ਤੇ ਸਕੂਲ ਵਜ਼ੀਫਾ ਨੋਡਲ ਅਫਸਰ ਦੀ ਹੋਵੇਗੀ।

**ਨੋਟ: ਜੇਕਰ ਕਿਸੇ ਸੰਸਥਾ ਦੀ ਆਈ ਡੀ ਵਿੱਚ ਵੈਰੀਫਿਕੇਸ਼ਨ ਦੀ ਆਪਸ਼ਨ ਨਹੀਂ ਆ ਰਹੀ ਤਾਂ ਪ੍ਰੋਫਾਇਲ ਅਪਡੇਟ ਕਰ ਲਈ ਜਾਵੇ/ INO/ HOI ਦੀ ਬਾਇਮੈਟ੍ਰਿਕ ਕਰ ਲਈ ਜਾਵੇ/HOI ਦੀ ਆਈ ਡੀ ਵਿੱਚੋਂ INO ਨੂੰ ਅਪਰੂਵ ਕੀਤਾ ਜਾਵੇ।**

13/10/25

ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ)
ਬਠਿੰਡਾ
13/10/25

Scanned with OKEN Scanner